ਬੁਰੰਗੀ

ਸਚੁ ਸੁਣਾਇਸੀ ਸਚ ਕੀ ਬੇਲਾ

ਬੁਧਵਾਰ, 30 ਅਕਤੂਬਰ, 2013

ਰੋਜ਼ਾਨਾ ਸਪੋਕਸਮੈਨ

ਦੇਵ ਭੂਮੀ (ਉਤਰਾਖੰਡ) ਵਿਚ ਅਸੀ ਦਾਨਵਾਂ ਨੂੰ ਲੁਟ ਮਾਰ ਕਰਦਿਆਂ ਵੇਖਿਆ

ਉਪਕਾਰ ਸਿੰਘ ਜੋਸ਼

ਅਸੀ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦੇ ਯਾਤਰੂਆਂ ਨੇ ਇਕੱਠੇ ਹੋ ਕੇ ਇਕ-ਦੂਜੇ ਦੀ ਮਦਦ ਲਈ ਇਕ 56 ਮੈਂਬਰੀ ਨੌਜੂਆਨ ਸੰਥਾ ਗੋਬਿੰਦ ਘਾਟ ਵਿਖੇ ਹੀ ਬਣਾ ਕੇ ਅੱਗੇ ਚਾਲੇ ਪਾ ਦਿਤੇ। ਵਾਪਸੀ 'ਤੇ ਸਾਨੂੰ ਅਨਾਊਂਸਮੈਂਟ ਤੇ ਉਂਜ ਪਤਾ ਲੱਗਾ ਕਿ ਪਿਛੋਂ ਪਾਣੀ ਦਾ ਬਹੁਤ ਵੱਡਾ ਹੜ੍ਹ ਆ ਰਿਹਾ ਹੈ। ਅਸੀ ਸਾਰੇ ਇਕ ਪਹਾੜ 'ਤੇ ਚੜ੍ਹ ਗਏ।

ਜੇ ਕੋਈ ਬੰਦਾ-ਬਜ਼ੁਰਗ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਪਤਾ ਹੈ ਤਾਂ ਉਸ ਨੂੰ ਪਾਰ ਲੰਘਣਾ ਧਰਮ ਹੈ। ਜੇ ਕੋਈ ਡਿੱਗ ਪਿਆ ਹੈ ਤਾਂ ਉਸ ਨੂੰ ਖੜਾ ਕਰਨਾ ਪੁੰਨ ਹੈ। ਜੇ ਕਿਸੇ ਨੂੰ ਸੱਟ ਵੱਜੀ ਹੈ ਤਾਂ ਉਸ ਨੂੰ ਹਸਪਤਾਲ ਪਹੁੰਚਾਉਣਾ ਧਰਮ ਹੈ। ਪਹਿਲਾਂ ਲੋਕ ਜਦ ਅਪਣੀ ਕਿਸੇ ਧੀ-ਭੋਣ ਨੂੰ ਗੰਡੀ ਚੜ੍ਹਾਉਣ ਆਉਂਦੇ ਤਾਂ ਵੰਝਦੇ ਕਿ ਕਿਸੇ ਡੱਬੇ ਵਿਚ ਕੋਈ ਡੇਸੀ ਜਾਂ ਸਿੰਘ ਬੈਠਾ ਹੋਵੇ ਤੇ ਉਹ ਨਿਸਚਿੰਤ ਹੋ ਕੇ ਅਪਣੀ ਧੀ-ਭੋਣ ਨੂੰ ਗੰਡੀ ਚੜ੍ਹਾ ਕੇ ਸੇਤੁਸ਼ਟ ਹੋ ਜਾਂਦਾ ਕਿ ਉਸ ਡੱਬੇ ਵਿਚ ਸਿੰਘ ਬੈਠਾ ਹੈ।

ਸ੍ਰੀ ਹੇਮਕੁੰਟ ਸਾਹਿਬ ਅਤੇ ਚਾਰ ਧਾਮ ਯਾਤਰਾ ਲਈ ਭਾਵੇਂ ਕੋਈ ਰਜਿਸਟ੍ਰੇਸ਼ਨ ਦਾ ਪ੍ਰਬੰਧ ਨਹੀਂ, ਫਿਰ ਵੀ ਛੇ ਲੱਖ ਯਾਤਰੂਆਂ ਦੇ ਜਾਣ ਦਾ ਅੰਦਾਜ਼ਾ ਹੈ। ਅਸੀ 12 ਜੂਨ ਨੂੰ ਬਿਨਾਂ ਕਿਸੇ ਜਾਣ ਪਛਾਣ ਤੋਂ ਸ੍ਰੀ ਹੇਮਕੁੰਟ ਸਾਹਿਬ ਲਈ ਗੋਬਿੰਦ ਘਾਟ ਤੋਂ ਹੀ 56 ਜਣਿਆਂ ਇਕੱਠੇ ਹੋ ਕੇ ਜੱਥਾ ਬਣਾ ਲਿਆ। ਸਾਰੇ ਵੱਖ-ਵੱਖ ਸ਼ਹਿਰਾਂ, ਪਿੰਡਾਂ ਤੋਂ ਸਨ। ਪਹਿਲਾਂ ਕੋਈ ਜਾਣ-ਪਛਾਣ ਨਹੀਂ ਸੀ, ਪਰ ਹੁਣ ਨਹੁੰ-ਮਾਸ ਦਾ ਰਿਸ਼ਤਾ ਬਣ ਗਿਆ ਸੀ। ਅਸੀ ਸਾਰੇ ਪਹਾੜ 'ਤੇ ਬੈਠੇ ਭੁੱਜੇ ਛੋਲੇ ਚੱਬ ਰਹੇ ਸੀ ਕਿ 18-20 ਗੋਰਖਿਆਂ ਦਾ (ਲੁਟੇਰਾ) ਝੁੰਡ ਆ ਪਿਆ। ਅੱਗੋਂ ਅਸੀ ਵੀ ਲਲਕਾਰ ਕੇ ਪੈ ਗਏ ਤੇ ਗਾਤਰੇ ਵਾਲੀਆਂ ਕ੍ਰਿਪਾਨਾਂ ਕੱਢ ਲਈਆਂ ਤਾਂ ਉਹ ਭੱਜ ਗਏ। ਫਿਰ ਅਸੀ 400-500 ਮੀਟਰ ਦੂਰ ਤੋਂ ਚੀਕਾਂ ਸੁਣੀਆਂ। ਅਸੀ ਲਲਕਾਰੇ ਮਾਰਦੇ ਭੱਜੇ ਤਾਂ ਉਹੀ ਗਰੁੱਪ ਅੱਗੇ ਭੱਜ ਗਿਆ, ਪਰ ਅਸੀ ਚਾਰ ਪਤੀ-ਪਤਨੀਆਂ, ਤਿੰਨ ਬੁੱਢੀਆਂ ਤੇ ਤਿੰਨ ਮੁਟਿਆਰਾਂ ਨੂੰ ਬਚਾਅ ਲਿਆ। ਉਹ ਵੀ ਸਾਡੇ ਜੱਥੇ ਨਾਲ ਹੀ ਰਲ ਗਏ। ਫਿਰ ਰਾਤ ਨੂੰ ਇਕ ਯੂ.ਪੀ. ਦਾ ਪ੍ਰਵਾਰ ਮਿਲਿਆ। ਉਸ ਨੇ ਦਸਿਆ ਕਿ ਸਾਡੀਆਂ ਤਿੰਨ ਲੜਕੀਆਂ ਨੂੰ ਲੁਟੇਰੇ ਲੈ ਗਏ ਹਨ ਤੇ ਸਾਡੇ ਕੋਲੋਂ ਨਕਦੀ ਅਤੇ ਗਹਿਣੇ ਵੀ ਲੁੱਟ ਕੇ ਲੈ ਗਏ। ਅਸੀ ਜੰਗਲ ਵਿਚ ਪਿੰਡ ਕੋ ਲਲਕਾਰੇ ਮਾਰਦੇ ਹੋਏ ਇਲਾਕਾ ਘੇਰ ਲਿਆ, ਪਰ ਲੁਟੇਰੇ ਭੱਜ ਨਿਕਲੇ। ਵਾਹਿਗੁਰੂ ਦੀ ਕ੍ਰਿਪਾ ਨਾਲ ਲੜਕੀਆਂ ਸੁਰੱਖਿਅਤ ਅਤੇ ਬਾ-ਇੱਜ਼ਤ ਮਿਲ ਗਈਆਂ। ਇਹ ਪ੍ਰਵਾਰ ਵੀ ਸਾਡੇ ਨਾਲ ਹੋ ਗਿਆ। ਅਸੀ ਸਾਰੇ 80 ਦੇ ਕਰੀਬ ਹੋ ਗਏ। ਇਹ ਬੇ-ਰਹਿਮ ਲੁਟੇਰੇ ਇਕ 60 ਸਾਲ ਦੀ ਬਜ਼ੁਰਗ ਮਾਤਾ ਅਤੇ 40 ਸਾਲ ਦੀ ਉਸ ਦੀ ਨੂੰਹ ਨੂੰ ਵੀ ਲੈ ਗਏ ਸਨ। ਇਹ ਪ੍ਰਵਾਰ ਯੂ.ਪੀ. ਦੇ ਮਿਰਜ਼ਾਪੁਰ ਤੇ ਰਾਬਰਟਸ ਗੰਜ ਦਾ ਸੀ। ਮਿਹਰ ਵਾਹਿਗੁਰੂ ਦੀ ਕਿ ਇਹ ਵੀ ਸੁਰੱਖਿਅਤ ਤੇ ਸਹੀ-ਸਲਾਮਤ ਸਾਨੂੰ ਮਿਲ ਗਈਆਂ, ਪਰ ਉਨ੍ਹਾਂ ਦੀ ਇਕ ਚੇਨੀ, ਦੋ ਛਾਪਾਂ ਤੇ ਚਾਰ ਚੂੜੀਆਂ ਉਹ ਲੈ ਕੇ ਭੱਜ ਗਏ। ਅਸੀ ਜੰਗਲੀ ਰਸਤਿਆਂ ਤੋਂ ਅਨਜਾਣ ਉਨ੍ਹਾਂ ਨੂੰ ਕਿਵੇਂ ਤੇ ਕਿਥੋਂ ਲੜਦੇ? ਚਲੋ ਇੱਜ਼ਤ ਬਚੀ ਤਾਂ ਸੰਭ ਕੁੱਝ ਬੱਚ ਗਿਆ।

ਯੂ.ਪੀ. ਤੇ ਮਹਾਰਾਸ਼ਟਰ ਦੇ ਇਹ ਪ੍ਰਵਾਰ ਸਾਨੂੰ ਆਖ ਰਹੇ ਸਨ, "ਅੱਜ ਅਸੀ ਦੇਵ ਭੂਮੀ ਵੀ ਵੇਖ ਲਈ। ਇਹ ਦੇਵ ਨਹੀਂ ਦਾਨਵ ਹਨ।" ਫਿਰ ਜਦ ਹੋਰ ਹੋਠਾਂ ਆਏ ਤਾਂ ਦੁਕਾਨਦਾਰ ਵੀ ਦਾਨਵ ਬਣੇ ਹੋਏ ਸਨ। ਉਨ੍ਹਾਂ ਨੇ ਪਾਣੀ ਦੀ ਬੋਤਲ 100-150 ਰੁਪਏ, ਜਿਸਕ੍ਰਟ ਦਾ ਪੈਕਟ 200 ਰੁਪਏ, ਚਾਹ ਦਾ ਕੱਪ 250 ਉਨ੍ਹਾਂ ਨੇ। ਅਸੀ ਵੀ ਐਨ ਮਿੰਥ ਕੇ ਇਕ ਦੁਕਾਨ ਦਾ ਸਮਾਨ ਲੁੱਟ ਲਿਆ।

ਬੋੜੀ ਦੇਰ ਬਾਅਦ ਅਸੀ ਉਸ ਨੂੰ 200 ਰੁਪਏ ਦੇ ਰਹੇ ਸੀ ਜੋ ਉਸ ਨੇ ਨਾ ਲਏ। ਹੌਲੀ-ਹੌਲੀ ਉਹ 500 ਰੁਪਏ ਵਿਚ ਮੰਨ ਗਿਆ। ਫਿਰ 17-18 ਜੂਨ ਨੂੰ ਡੌਜ ਨੇ ਆ ਕੇ ਕੰਟਰੋਲ ਕੀਤਾ। ਸਾਨੂੰ ਇਕ ਪ੍ਰਵਾਰ ਮਿਲਿਆ ਜਿਸ ਨੇ ਦਸਿਆ ਕਿ ਲੁਟੇਰਿਆਂ ਨੇ ਸਾਡੇ ਤੋਂ 16,700 ਰੁਪਏ ਖੋਹੇ ਸਨ, ਪਰ ਇਕ ਲੁਟੇਰੇ ਨੇ ਖਿਰਦੇ ਕਾਤੇ ਲਈ 700 ਰੁਪਏ ਸਾਨੂੰ ਮੜ ਦਿਤੇ। ਇਹ ਕੁੱਝ ਤਾਂ ਸਾਡੇ ਭਾਰਤ ਵਾਸੀਆਂ ਨਾਲ ਭਾਰਤ ਵਿਚ ਦੇਵ ਭੂਮੀ ਦੇ 'ਦੇਵਾਂ' ਨੇ ਕੀਤਾ ਪਰ ਰਾਕਸ਼ਸ਼ (ਪੁਲਿਸ) ਕਿਤੇ ਨੇ ਮਿਲੇ।

ਦੂਜੇ ਪਾਸੇ ਸਾਡੇ ਟੀ.ਵੀ. ਚੈਨਲਾਂ ਤੇ ਅਖ਼ਬਾਰਾਂ ਨੇ 16 ਤੇ 17 ਜੂਨ ਨੂੰ ਸਵੇਰੇ ਹੀ 'ਉਤਰਾਖੰਡ ਰਲੀਫ਼ ਫ਼ੰਡ' ਸ਼ੁਰੂ ਕਰ ਦਿਤਾ। ਕੋਈ ਪੁੱਛਣ ਵਾਲਾ ਹੋਵੇ ਕਿ ਤੁਸੀਂ ਸ਼ੁਰੂ ਕਰਨ ਤੋਂ ਪਹਿਲਾਂ ਹਾਲਾਤ ਤਾਂ ਵੇਖ ਲਉ। ਸਾਡੇ ਬਾਦਲ ਸਾਹਿਬ ਨੇ ਅਗਲੇ ਦਿਨ ਹੀ 10 ਕਰੋੜ ਰੁਪਏ ਦੇਣ ਦਾ ਐਲਾਨ ਕਰ ਦਿਤਾ। ਦਿੱਲੀ 1984 ਦੇ ਲੁਟੇਰਿਆਂ ਲਈ ਵੀ ਕੁੱਝ ਫ਼ੰਡ ਰੀਲੀਜ਼ ਕਰ ਕਰ ਦਿਉ। ਰਵਾਇਤ ਤਾਂ ਕਾਇਮ ਰਹੂ।

ਸਿਰਫ਼ ਚੈਨਲ 'ਨਿਊਜ਼ ਨੇਸ਼ਨ' ਨੇ ਵਿਖਾਇਆ ਹੈ ਜੋ ਅਸੀਂ ਖ਼ੁਦ ਵੇਖਿਆ ਹੈ ਕਿ ਰੁੜ੍ਹੇ ਜਾਂਦੇ ਮੋਟਰਸਾਈਕਲਾਂ ਨੂੰ ਲੋਕ ਕੁੰਡੀਆਂ ਪਾ ਕੇ ਕੱਢ ਰਹੇ ਸਨ ਤੇ ਕਾਰਾਂ ਕੱਢ ਰਹੇ ਸਨ। ਹੱਦ ਤਾਂ ਉਦੋਂ ਹੋ ਗਈ ਜਦੋਂ ਲਾਸ਼ਾਂ ਦੀਆਂ ਉੱਗਲਾਂ ਵੱਢ ਕੇ ਛਾਪਾਂ, ਗੁੱਟ ਵੱਢ ਕੇ ਚੂੜੀਆਂ ਤੇ ਚੇਨੀਆਂ ਉਤਾਰਦੇ ਵੇਖੇ। ਫਿਰ ਤਿੰਨ ਦਿਨ ਬਾਅਦ 4-4 ਜਾਂ 5-6 ਫੁਟ ਰੇਤ ਚੁੱਕ ਕੇ ਵੀ ਲਾਸ਼ਾਂ ਲੱਭੀਆਂ ਜਾ ਰਹੀਆਂ ਸਨ ਕਿ ਉਨ੍ਹਾਂ ਤੋਂ ਕੋਈ ਗਹਿਣਾ ਗੱਟਾ ਹੀ ਮਿਲ ਜਾਵੇ।

ਉਤਰਾਖੰਡ ਦੇ ਮੁੱਖ ਮੰਤਰੀ 15 ਹਜ਼ਾਰ ਤੋਂ ਉਪਰ ਮੌਤਾਂ ਨੂੰ ਸਿਰਫ਼ 3700 ਲਾਪਤਾ ਦੱਸ ਕੇ ਕਹਿੰਦੇ ਹਨ ਕਿ ਇਨ੍ਹਾਂ ਵਿਚੋਂ ਕੁੱਝ ਨੂੰ ਲੱਭ ਲਿਆ ਜਾਵੇਗਾ ਜਾਂ ਮਿਲ ਜਾਣਗੇ। ਲਾਪਤਾ ਜਾਂ ਮਰ ਗਏ, ਰੁੜ੍ਹ ਗਏ, ਡੁੱਬ ਗਏ ਲੋਕਾਂ ਨੂੰ ਉਥੋਂ ਦੀਆਂ ਸਰਕਾਰਾਂ ਦੀ ਸੂਚੀ ਆਉਣ ਤੇ ਸਰਕਾਰ ਨੂੰ ਅਸੀ ਮੁਆਵਜ਼ਾ ਰੋਸਾਂਗੇ, ਜੋ ਅੱਗੋਂ ਪੀੜਤਾਂ ਨੂੰ ਵੰਡਣਗੇ।

ਹੋਰਾਨੀ ਦੀ ਗੱਲ ਹੈ ਕਿ ਸਾਡੀ ਤਿੰਨ ਮਹੀਨੇ ਦੀ ਯਾਤਰਾ ਦੌਰਾਨ ਹੀ ਇਹ ਲੋਕ ਸਾਲ-ਸਾਲ ਦੀ ਕਮਾਈ ਕਰਦੇ ਹਨ। ਇਸੇ ਦੇਵ ਭੂਮੀ ਨੂੰ 10 ਕਰੋੜ ਰੁਪਏ ਬਾਦਲ ਸਾਹਿਬ ਨੇ ਅਗਲੇ ਦਿਨ ਹੀ ਜਾਰੀ ਕਰ ਦਿਤੇ ਕਿ ਇਸ ਨਾਲ ਮੰਦਰ ਤੇ ਗੁਰਦਵਾਰਾ ਸਾਹਿਬ ਦੀ ਮੁਰੰਮਤ ਹੋ ਜਾਵੇਗੀ। ਗੁਰੂ ਘਰਾਂ ਦੀ ਸੇਵਾ ਤਾਂ ਕਾਰ ਸੇਵਾ ਰਾਹੀਂ ਸੰਗਤ ਨੇ ਕਰ ਹੀ ਲੈਣੀ ਹੈ।

ਸਰਕਾਰ ਉਨ੍ਹਾਂ ਧੰਦਰਾਂ ਵਾਲਿਆਂ ਅਤੇ ਕੁਲੀਆਂ ਦਾ ਪੜਾ ਕਰੇ ਜੋ ਸਾਡੇ ਲੋਕਾਂ ਦਾ ਸਮਾਨ ਲੈ ਕੇ ਭੱਜ ਗਏ ਤੇ ਦਿਖਾਈ ਹੀ ਨਹੀਂ ਦਿਤੇ। ਦੂਜਾ, ਸਾਡੇ ਬੰਦੇ ਤਾਂ ਜਿਉਂਦੇ ਨੇ ਤੇ ਉਨ੍ਹਾਂ ਦਾ ਸਮਾਨ ਵੀ ਗਿਆ। ਫਿਰ ਵੀ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਣਾ।

ਹੁਣ ਅਖ਼ਬਾਰਾਂ ਵਾਲੇ ਸੋਚਣ ਕਿ ਕੀ ਅਖ਼ਬਾਰ, ਚੈਨਲ, ਐਨ.ਜੀ.ਓ. ਆਦਿ ਅਜਿਹੇ ਲੋਕਾਂ ਦੀ ਮਦਦ ਕਰ ਕੇ ਠੀਕ ਕਰ ਰਹੇ ਹਨ? ਕੀ ਦੇਵ ਭੂਮੀ ਨੂੰ ਮਦਦ ਠੀਕ ਦਿੜੀ ਹੈ? ਜੋ ਅਸੀ ਇਕੱਠੇ ਨਾ

- ਹੜ੍ਹ ਤੋਂ ਬਚਦੇ ਯਾਤਰੂ ਪਹਾੜ ਤੇ ਚੜ੍ਹ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕਰਦੇ ਤਾਂ ਦੇਵ-ਭੂਮੀ ਦੇ ਪਹਾੜੀਏ ਉਨ੍ਹਾਂ ਦਾ ਸੱਭ ਕੁੱਝ ਖੋਹ ਲੈਂਦੇ ਤੇ ਕੁੜੀਆਂ ਵੀ ਖੋਹ ਕੇ ਦੌੜ ਜਾਂਦੇ।
- ਲਾਸ਼ਾਂ ਦੀਆਂ ਉੱਗਲਾਂ ਵੱਢ ਕੇ ਛਾਪਾਂ ਅਤੇ ਗੁਟ ਵੱਢ ਕੇ ਚੂੜੀਆਂ ਤੇ ਛਾਪਾਂ ਲੈਣ ਲਈ ਗੁੰਡੇ ਦੌੜਦੇ ਫਿਰਦੇ।
- ਸਾਡਾ ਵੀ ਸੱਭ ਕੁੱਝ ਲੁਟ ਲੈਂਦੇ ਜੇ ਅਸੀ ਤਗੜਾ ਜੱਥਾ ਨਾ ਬਣਾ ਲੈਂਦੇ। ਪੁਰਾਤਨ ਸਿੰਘਾਂ ਵਾਂਗ ਅਸੀ ਵੀ ਕਈ ਕੁੜੀਆਂ, ਪਹਾੜੀਆਂ ਤੋਂ ਛੁਡਾ ਕੇ ਮਾਪਿਆਂ ਦੇ ਹਵਾਲੇ ਕੀਤੀਆਂ। ਮਹਾਰਾਸ਼ਟਰ ਤੇ ਯੂਪੀ ਦੇ ਇਹ ਯਾਤਰੀ ਕਹਿੰਦੇ ਸਨ, "ਅੱਜ ਅਸੀ ਦੇਵ ਭੂਮੀ ਵੇਖ ਲਈ ਹੈ। ਇਥੇ ਦੇਵ ਨਹੀਂ, ਦਾਨਵ ਰਹਿੰਦੇ ਨੇ।"
- ਸਰਕਾਰਾਂ, ਅਖ਼ਬਾਰਾਂ, ਜਥੇਬੰਦੀਆਂ ਕਰੋੜਾਂ ਦੇ ਰੀਲੀਫ਼ ਫ਼ੰਡ' ਕਾਇਮ ਕਰ ਕੇ ਪੈਸੇ ਭੇਜ ਰਹੀਆਂ ਹਨ ਜੋ ਇਨ੍ਹਾਂ ਲੁਟੇਰੇ ਦਾਨਵਾਂ ਨੂੰ ਹੀ ਮਿਲਣਗੇ, ਲੁੱਟੇ ਗਏ ਗ਼ਰੀਬ ਸ਼ਰਧਾਲੂਆਂ ਨੂੰ ਨਹੀਂ।

ਸਿਰਫ਼ ਚੈਨਲ 'ਨਿਊਜ਼ ਨੇਸ਼ਨ' ਨੇ ਵਿਖਾਇਆ ਹੈ ਜੋ ਅਸੀ ਖ਼ੁਦ ਵੇਖਿਆ ਹੈ ਕਿ ਰੁੜ੍ਹੇ ਜਾਂਦੇ ਮੋਟਰਸਾਈਕਲਾਂ ਨੂੰ ਲੋਕ ਕੁੰਡੀਆਂ ਪਾ ਕੇ ਕੱਢ ਰਹੇ ਸਨ ਤੇ ਕਾਰਾਂ ਕੱਢ ਰਹੇ ਸਨ। ਹੱਦ ਤਾਂ ਉਦੋਂ ਹੋ ਗਈ ਜਦੋਂ ਲਾਸ਼ਾਂ ਦੀਆਂ ਉੱਗਲਾਂ ਵੱਢ ਕੇ ਛਾਪਾਂ, ਗੁੱਟ ਵੱਢ ਕੇ ਚੂੜੀਆਂ ਤੇ ਚੇਨੀਆਂ ਉਤਾਰਦੇ ਵੇਖੇ। ਫਿਰ ਤਿੰਨ ਦਿਨ ਬਾਅਦ 4-4 ਜਾਂ 5-6 ਫੁਟ ਰੇਤ ਚੁੱਕ ਕੇ ਵੀ ਲਾਸ਼ਾਂ ਲੱਭੀਆਂ ਜਾ ਰਹੀਆਂ ਸਨ ਕਿ ਉਨਾਂ ਤੋਂ ਕੋਈ ਗਹਿਣਾ ਗੱਟਾ ਮਿਲ ਜਾਵੇ।

'ਉੱਚਾ ਦਰ ਬਾਬੇ ਨਾਨਕ ਦਾ' ਲਈ ਉਸਾਰੀ ਫ਼ੰਡ ਵਿਚ ਆਈਆਂ ਰਕਮਾਂ

ਕਿਸਤ ਨੰ. 97

ਲੜੀ ਨੰ.	ਨਾਮ ਅਤੇ ਸ਼ਹਿਰ/ਪਿੰਡ	ਰਕਮ	ਰਸੀਦ ਨੰਬਰ	ਰਸੀਦ ਜਾਰੀ ਕਰਨ ਦੀ ਮਿਤੀ
2985.	ਬੀਬੀ ਰਸ਼ਮੀਨ ਕੌਰ, ਸ. ਪ੍ਰਿਤਪਾਲ ਸਿੰਘ, ਤਿਲਕ ਨਗਰ, ਨਵੀਂ ਦਿੱਲੀ	1100	4259	10.06.2013
	ਰਸੀਦ ਨੰਬਰ 4260 ਨੂੰ ਰੱਦ ਕਰ ਦਿਤਾ ਗਿਆ ਹੈ।			
2986.	ਸੱਜ ਕੰਵਰਜੀਤ ਸਿੰਘ, ਸ਼ਿਵ ਨਗਰ, ਨਵੀਂ ਦਿੱਲੀ	1100	4261	10.06.2013
2987.	ਸ. ਹਰਦੇਵ ਸਿੰਘ ਅਤੇ ਬੀਬੀ ਸਤਿਨਾਮ ਕੌਰ, ਵਾਰਡ ਨੰ: 7, ਦਸਮੇਸ਼ ਨਗਰ, ਭੋਗਪੁਰ, ਜ਼ਿਲ੍ਹਾ : ਜਲੰਧਰ	10000	4262	11.06.2013
2988.	ਸ. ਦਲਬਾਰਾ ਸਿੰਘ, ਪੁੱਤਰ ਸ. ਲਾਭ ਸਿੰਘ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ	10000	4263	11.06.2013
2989.	ਕੰਵਰ ਨੌਨਿਹਾਲ ਸਿੰਘ ਪੁੱਤਰ ਸ. ਦਿਆਲ ਸਿੰਘ, ਬੈਂਕ ਕਾਲੋਨੀ, ਅੱਡਾ ਦਾਖਾ, ਮੰਡੀ, ਲੁਧਿਆਣਾ	5000	4264	11.06.2013
2990.	ਸ. ਸੁਰਿੰਦਰਪਾਲ ਸਿੰਘ, ਮਸੀਨੀਆ ਐਨਕਲੇਵ, ਪਟਿਆਲਾ	5000	4265	11.06.2013
2991.	ਸ. ਉਮਿੰਦਰ ਸਿੰਘ ਰੰਧਾਵਾ, ਗਲੀ ਨੰ. 5, ਗੋਪਾਲ ਨਗਰ, ਅੰਮ੍ਰਿਤਸਰ	10000	4266	11.06.2013
2992.	ਬੀਬੀ ਸੁਰਜੀਤ ਕੌਰ ਪਤਨੀ ਸ. ਬਲਵੰਤ ਸਿੰਘ ਰੰਧਾਵਾ, ਗਲੀ ਨੰ.: 5, ਗੋਪਾਲ ਨਗਰ, ਮਜੀਠੀਆ ਰੋਡ, ਅੰਮ੍ਰਿਤਸਰ	10000	4267	11.06.2013
2993.	ਬੀਬੀ ਬਲਜੀਤ ਕੌਰ ਅਰੋੜਾ, ਮੈਨੇਜਰ ਸਟੇਟ ਬੈਂਕ ਆਫ਼ ਪਟਿਆਲਾ, ਨਾਭਾ ਮੇਨ	10000	4268	11.06.2013
2994.	ਸ. ਅਜਾਇਬ ਸਿੰਘ ਅਤੇ ਬੀਬੀ ਜਸਵਿੰਦਰ ਕੌਰ, ਅਨੰਦ ਨਗਰ, ਡਾਕ: ਬੇਗੋਵਾਲ, ਅੰਬਾਲਾ ਕੈਂਟ	20000	4269	11.06.2013
2995.	ਬੀਬੀ ਤ੍ਰਿਪਤ ਕੌਰ ਮਾਰਫਤ ਸ. ਬਲਵਿੰਦਰ ਸਿੰਘ, ਡੀ-ਬਲਾਕ, ਵੇਸ਼ਾਲੀ ਡਿਪਾ. ਵਿਕਾਸਪੁਰੀ, ਨਵੀਂ ਦਿੱਲੀ	10000	4270	11.06.2013
2996.	ਰੂਪਰਾਏ ਇੰਡਸਟਰੀਅਜ਼, ਓਖਲਾ ਇੰਡਸਟਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ	10000	4271	11.06.2013
2997.	ਸ. ਸਤਨਾਮ ਸਿੰਘ, ਪਿੰਡ: ਪੰਧੇਰ ਪੁਰਾਣਾ,	10000	4272	11.06.2013